**ਜਮਾਤ-ਅੱਠਵੀਂ** **ਪੰਜਾਬੀ** **NAS ਮਾਡਲ ਟੈਸਟ ਪੇਪਰ**

**ਨੋਟ:ਸਾਰੇ ਪ੍ਰਸ਼ਨ ਜ਼ਰੂਰੀ ਹਨ।ਹਰੇਕ ਪ੍ਰਸ਼ਨ ਦੇ ਚਾਰ ਉੱਤਰ ਹਨ ਅਤੇ ਇਹਨਾਂ ਵਿੱਚੋਂ ਸਹੀ ਉੱਤਰ ਚੁਣੋ:**

**ਹੇਠ ਲਿਖੇ ਪ੍ਰਸ਼ਨਾਂ (1 ਤੋਂ 5) ਦੇ ਦਿੱਤੇ ਪੈਰ੍ਹੇ ਵਿੱਚੋਂ ਸਹੀ ਵਿਕਲਪ ਚੁਣ ਕੇ ਉੱਤਰ ਦਿਓ:-**

ਮਹਾਰਾਜਾ ਰਣਜੀਤ ਸਿੰਘ ਦੀ ਇੱਕ ਕਹਾਣੀ ਮਸ਼ਹੂਰ ਹੈ ਕਿ ਇੱਕ ਵਾਰ ਜਦ ਮਹਾਰਾਜੇ ਦਾ ਜਲੂਸ ਬਾਜ਼ਾਰ ਵਿੱਚ ਦੀ ਲੰਘ ਰਿਹਾ ਸੀ ਤਾਂ ਇੱਕ ਬੁੱਢੀ ਮਾਈ ਨੇ ਦੌੜ ਕੇ ਆਪਣਾ ਰੋਟੀਆਂ ਪਕਾਉਣ ਵਾਲਾ ਲੋਹੇ ਦਾ ਕਾਲ਼ਾ ਤਵਾ ਮਹਾਰਾਜੇ ਦੇ ਕੱਪੜਿਆਂ ਨੂੰ ਲਾ ਦਿੱਤਾ। ਜਦ ਅਹਿਲਕਾਰਾਂ ਨੇ ਫੜ ਕੇ ਝਿੜਕਿਆ ਤਾਂ ਮਾਈ ਨੇ ਕਿਹਾ," ਮੈਂ ਤਾਂ ਸੁਣਿਆ ਸੀ ਕਿ ਜੇ ਮਹਾਰਾਜੇ ਦੀ ਛੋਹ ਲੋਹੇ ਨੂੰ ਵੀ ਲੱਗ ਜਾਏ ਤਾਂ ਉਹ ਸੋਨਾ ਹੋ ਜਾਂਦਾ ਹੈ! ਮੈਂ ਤਾਂ ਆਪਣਾ ਤਵਾ ਦੌੜ ਕੇ ਮਹਾਰਾਜੇ ਨੂੰ ਤਾਂ ਹੀ ਛੁਹਾਇਆ ਹੈ ਕਿ ਸੋਨੇ ਦਾ ਹੋ ਜਾਏ ਅਤੇ ਮੇਰੀ ਗਰੀਬੀ ਕੱਟੀ ਜਾਏ।" ਇਹ ਸੁਣ ਕੇ ਮਹਾਰਾਜਾ ਰਣਜੀਤ ਸਿੰਘ ਨੇ ਹੁਕਮ ਦਿੱਤਾ ਕਿ ਇਸ ਮਾਈ ਦਾ ਲੋਹੇ ਦਾ ਤਵਾ ਲੈ ਕੇ ਸੋਨੇ ਦਾ ਤਵਾ ਦੇ ਦਿੱਤਾ ਜਾਏ। ਇਹ ਮਹਾਰਾਜੇ ਦੀ ਜਨਤਾ ਜਾਂ ਪਰਜਾ ਪ੍ਰਤੀ ਰਾਜਕੀ ਭਾਵਨਾ ਅਤੇ ਸੁਹਿਰਦ ਪਿਆਰ ਦਾ ਪ੍ਰਗਟਾਵਾ ਸੀ। ਸਾਰੇ ਲੋਕਾਂ ਦੇ ਤਵੇ ਲੋਹੇ ਦੇ ਹੁੰਦੇ ਹਨ। ਇਸ ਕਰਕੇ ਹਰ ਇੱਕ ਦਾ ਲੋਹੇ ਦਾ ਤਵਾ ਸੋਨੇ ਦਾ ਨਹੀਂ ਸੀ ਕੀਤਾ ਜਾ ਸਕਦਾ ਅਤੇ ਨਾ ਹੀ ਮਹਾਰਾਜੇ ਨੇ ਮੁੜ ਕਦੇ ਇੰਜ ਕੀਤਾ। ਪਰ ਇਹ ਘਟਨਾ ਇੱਕ ਬਹੁਤ ਸੁਹਣੀ ਤਵਾਰੀਖ਼ੀ ਕਹਾਣੀ ਬਣ ਗਈ, ਜੋ ਪੁਸ਼ਤ-ਦਰ-ਪੁਸ਼ਤ ਲੋਕੀਂ ਅੱਜ ਤੱਕ ਸੁਣਦੇ ਅਤੇ ਸੁਣਾਉਂਦੇ ਆ ਰਹੇ ਹਨ।

1) **ਮਹਾਰਾਜਾ ਰਣਜੀਤ ਸਿੰਘ ਦਾ ਜਲੂਸ ਕਿੱਥੋਂ ਦੀ ਲੰਘ ਰਿਹਾ ਸੀ ?**

(ੳ) ਪੁਲ ਤੋਂ (ਅ) ਬਜ਼ਾਰ ਵਿੱਚੋਂ

(ੲ) ਜੰਗਲ ਵਿੱਚੋਂ (ਸ) ਦਰਿਆ ਕਿਨਾਰੇ ਤੋਂ

2) **ਬੁੱਢੀ ਮਾਈ ਨੇ ਆਪਣਾ ਰੋਟੀਆਂ ਬਣਾਉਣ ਵਾਲਾ ਤਵਾ ਕਿਸ ਦੇ ਕੱਪੜਿਆਂ ਨੂੰ ਲਗਾਇਆ ?**

(ੳ) ਸ਼ਾਹੂਕਾਰ ਦੇ (ਅ) ਮੰਤਰੀ ਦੇ (ੲ) ਸਿਪਾਹੀ ਦੇ (ਸ) ਮਹਾਰਾਜੇ ਦੇ

3) **ਬੁੱਢੀ ਮਾਈ ਦੀ ਗੱਲ ਸੁਣ ਕੇ ਮਹਾਰਾਜਾ ਨੇ ਕੀ ਹੁਕਮ ਦਿੱਤਾ ?**

(ੳ) ਲੋਹੇ ਦਾ ਤਵਾ ਦੇਣ ਦਾ (ਅ) ਚਾਂਦੀ ਦਾ ਤਵਾ ਦੇਣ ਦਾ

(ੲ) ਸੋਨੇ ਦਾ ਤਵਾ ਦੇਣ ਦਾ (ਸ) ਰੋਟੀਆਂ ਲਈ ਨਵਾਂ ਤਵਾ ਦੇਣ ਦਾ।

4) **ਇਹ ਮਹਾਰਾਜੇ ਦੀ ਜਨਤਾ ਜਾਂ ਪਰਜਾ ਪ੍ਰਤੀ ਰਾਜਸੀ ਭਾਵਨਾ ਅਤੇ .......... ਪ੍ਰਗਟਾਵਾ ਸੀ।**

(ੳ) ਸੁਹਿਰਦ ਪਿਆਰ ਦਾ (ਅ) ਬਹਾਦਰੀ ਦਾ

(ੲ) ਵਫ਼ਾਦਾਰੀ ਦਾ (ਸ) ਮਿੱਤਰਤਾ ਦਾ

5) **ਕੀ ਲੇਖਕ ਅਨੁਸਾਰ ਹਰ ਇੱਕ ਲੋਹੇ ਦਾ ਤਵਾ ਸੋਨੇ ਦਾ ਕੀਤਾ ਜਾ ਸਕਦਾ ਹੈ ?**

(ੳ) ਹਾਂ (ਅ) ਨਹੀਂ

(ੲ) ਦੋਨੋਂ ਸਹੀ (ਸ) ਉਪਰੋਕਤ ਵਿੱਚੋਂ ਕੋਈ ਨਹੀਂ

**ਹੇਠ ਲਿਖੇ ਪ੍ਰਸ਼ਨਾਂ (6 ਤੋਂ 10) ਦੇ ਦਿੱਤੇ ਪੈਰ੍ਹੇ ਵਿੱਚੋਂ ਸਹੀ ਵਿਕਲਪ ਚੁਣ ਕੇ ਉੱਤਰ ਦਿਓ:-**

ਪ੍ਰੋਫ਼ੈਸਰ ਪੂਰਨ ਸਿੰਘ ਨੇ ਆਪਣੀ ਸਵੈ- ਜੀਵਨੀ ਵਿੱਚ ਲਿਖਿਆ ਹੈ ਕਿ ਉਹ ਬੱਚਾ ਹੀ ਕੀ ਹੋਇਆ, ਜੋ ਮੌਕਾ ਮਿਲਣ ਤੇ ਹੱਸੇ ਨਾ, ਮਸਤੀਆਂ ਨਾ ਮਾਰੇ, ਰੌਲ਼ਾ ਨਾ ਪਾਵੇ ਜਾਂ ਸ਼ਰਾਰਤ ਨਾ ਕਰੇ? ਇਕੱਲਿਆਂ ਤਾਂ ਵੱਡੇ ਵੀ ਪੁੱਠੀਆਂ-ਸਿੱਧੀਆਂ ਕਰਨ ਤੋਂ ਨਹੀਂ ਟਲਦੇ। ਨਿੱਕੀ-ਨਿੱਕੀ ਸ਼ਰਾਰਤ ਅਤੇ ਭੋਲ਼ੀ-ਭਾਲ਼ੀ ਮਸਤੀ ਤਾਂ ਬੱਚੇ ਦਾ ਜਮਾਂਦਰੂ ਹੱਕ ਹੈ। ਉਹ ਕਾਹਦੀ ਅਧਿਆਪਕਾ ਜਾਂ ਅਧਿਆਪਕ ਹੋਇਆ ਜੋ ਆਪਣੀ ਕਲਾਸ ਦੇ ਬੱਚੇ ਮੁਰਝਾਏ ਅਤੇ ਸੁਕੜੇ ਹੋਏ ਦੇਖਣਾ ਮੰਗਦਾ ਹੋਵੇ? ਇਹੋ ਜਿਹੇ ਅਧਿਆਪਕ ਜਾਂ ਅਧਿਆਪਕਾ ਤਾਂ ਕਿਸੇ ਮੁਰਦ-ਘਾਟ ਦੇ ਇੰਚਾਰਜ ਬਣਨ ਦਾ ਹੱਕ ਹੀ ਰੱਖਦੇ ਹਨ। ਜੇ ਕਿਸੇ ਅਧਿਆਪਕ ਦਾ ਖਿੜੇ ਚਿਹਰਿਆਂ ਵਾਲੇ, ਫੁੱਲਾਂ ਵਰਗੇ, ਭੋਲ਼ੇ-ਭਾਲ਼ੇ ਸ਼ਰਾਰਤੀ ਬੱਚੇ ਕਲਾਸ ਵਿੱਚ ਸੁਆਗਤ ਨਹੀਂ ਕਰਦੇ ਤਾਂ ਉਸ ਨੇ ਇੱਕ ਅਧਿਆਪਕ ਦੇ ਪੇਸ਼ੇ ਤੋਂ ਕੀ ਲੈਣਾ ਹੈ? ਇਹੋ ਜਿਹੇ ਅਧਿਆਪਕ

ਨੂੰ ਇਹ ਕਿੱਤਾ ਛੱਡ ਦੇਣਾ ਚਾਹੀਦਾ ਹੈ। ਖੈਰ, ਮੈਂ ਬੱਚੇ ਨੂੰ ਤਾਂ ਸਮਝਾ ਕੇ ਮਨਾ ਲਿਆ ਕਿ ਮੈਂ ਪ੍ਰਿੰਸੀਪਲ ਸਾਹਿਬ ਨਾਲ ਗੱਲ ਕਰਾਂਗਾ। ਪਰ ਮੈਂ ਗੱਲ ਨਹੀਂ ਕੀਤੀ, ਕਿਉਂਕਿ ਡਰ ਸੀ ਕਿ ਅਧਿਆਪਕਾ ਬੱਚੇ ਦੇ ਪਿੱਛੇ ਹੀ ਨਾ ਪੈ ਜਾਏ! ਜੋ ਮਾਸੂਮ ਬੱਚੇ ਦੇ ਮੂੰਹ ਤੇ ਕੱਸ ਕੇ ਚਪੇੜ ਮਾਰ ਸਕਦੀ ਹੈ, ਉਸ ਦੇ ਮਾਰਸ਼ਲ ਆਰਟ ਦਾ ਕੀ ਪਤਾ ਕਿੱਥੋਂ ਤੱਕ ਪਹੁੰਚ ਜਾਏ!

6) ਪੈਰ੍ਹੇ ਵਿੱਚ ਲੇਖਕ ਨੇ ਬੱਚਿਆਂ ਦੀਆਂ ਕਿਹੜੀਆਂ ਸ਼ਰਾਰਤਾਂ ਦੱਸੀਆਂ ਹਨ?

(ੳ) ਤੋੜ ਭੰਨ੍ਹ ਕਰਨੀ (ਅ) ਕਲਾਸ ਵਿੱਚੋਂ ਭੱਜ ਜਾਣਾ

(ੲ) ਰੌਲ਼ਾ ਪਉਣਾ ਅਤੇ ਮਸਤੀ ਕਰਨੀ (ਸ) ਗੱਪਾਂ ਮਾਰਨੀਆਂ।

7) ਲੇਖਕ ਨੇ ਬੱਚਿਆਂ ਦੇ ਕਿਹੜੇ ਜਮਾਂਦਰੂ ਹੱਕਾਂ ਦਾ ਜ਼ਿਕਰ ਕੀਤਾ ਹੈ?

(ੳ) ਨਿੱਕੀਆਂ -ਨਿੱਕੀਆਂ ਸ਼ਰਾਰਤਾਂ ਅਤੇ ਭੋਲ਼ੀ-ਭਾਲ਼ੀ ਮਸਤੀ ਕਰਨ ਦੇ

(ਅ) ਹਿੰਸਾ ਕਰਨ ਦੇ

(ੲ) ਸਮਾਂ ਖਰਾਬ ਕਰਨ ਦੇ

(ਸ) ਅਨੁਸ਼ਾਸ਼ਨ ਭੰਗ ਕਰਨ ਦੇ

8) ਲੇਖ ਵਿੱਚ ਕਿਸ ਸਾਹਿਤਕਾਰ ਦਾ ਨਾਮ ਆਇਆ ਹੈ?

(ੳ) ਭਾਈ ਵੀਰ ਸਿੰਘ (ਅ) ਪ੍ਰੋਫ਼ੈਸਰ ਮੋਹਨ ਸਿੰਘ

(ੲ) ਪ੍ਰੋਫ਼ੈਸਰ ਪੂਰਨ ਸਿੰਘ (ਸ) ਪ੍ਰਿੰਸੀਪਲ ਤੇਜਾ ਸਿੰਘ

9) ਜੋ ਮਾਸੂਮ ਬੱਚੇ ਦੇ ਮੂੰਹ 'ਤੇ ਕੱਸ ਕੇ ਚਪੇੜ ਮਾਰ ਸਕਦੀ ਹੈ, ਉਸ ਦੇ ......... ਦਾ ਕੀ ਪਤਾ ਕਿੱਥੋਂ ਤੱਕ ਪਹੁੰਚ ਜਾਏ?

(ੳ) ਗੁੱਸੇ ਦਾ (ਅ) ਮਾਰਸ਼ਲ ਆਰਟ

(ੲ) ਸੁਭਾਅ ਦਾ (ਸ) ਵਿਵਹਾਰ ਦਾ

10) ਜੋ ਬੱਚੇ ਦੇ ਮੂੰਹ 'ਤੇ .................ਮਾਰ ਸਕਦੀ ਹੈ।

(ੳ) ਸਕੇਲ (ਅ) ਘਸੁੰਨ

(ੲ) ਡੰਡਾ (ਸ) ਚਪੇੜ

| ਅਹੁਦਾ | ਸਥਾਨ | ਕੰਮ |
|---|---|---|
| ਸਾਹਿਤਕਾਰ | ਪੰਜਾਬ | ਲੋਕ-ਗੀਤਾਂ ਦੀ ਇਕੱਤਰਤਾ('ਪੰਜਾਬ ਦੇ ਲੋਕ-ਗੀਤ','ਕੁੱਲੂ ਦੇ ਲੋਕ-ਗੀਤ','ਕਾਂਗੜਾ ਦੇ ਲੋਕ-ਗੀਤ','ਹਰਿਆਣਾ ਦੇ ਲੋਕ-ਗੀਤ', 'ਭਾਰਤੀ ਖੇਤੀ ਦਾ ਇਤਿਹਾਸ' |
| ਵਿਕਾਸ ਕਮਿਸ਼ਨਰ | ਪੰਜਾਬ | ਨਵੇਂ ਵਿਗਿਆਨਕ ਢੰਗ ਨਾਲ਼ ਖੇਤੀ,ਰਸਾਇਣਿਕ ਖ਼ਾਦਾਂ ਦੀ ਵਰਤੋਂ ਅਤੇ ਮਸ਼ੀਨਾਂ ਦੀ ਮੁਰੰਮਤ ਦੀਆਂ ਸਹੂਲਤਾਂ ਮੁਹੱਈਆ ਕਰਵਾਉਣਾ |
| ਮੁੱਖ ਕਮਿਸ਼ਨਰ | ਚੰਡੀਗੜ੍ਹ | ਚੰਡੀਗੜ੍ਹ ਦੇ ਰੋਜ਼ ਗਾਰਡਨ ਵਿੱਚ ਗੁਲਾਬ ਦੇ ਫੁੱਲ ਲਗਵਾਉਣਾ,ਚੰਡੀਗੜ੍ਹ ਦੀਆਂ ਸੜਕਾਂ ਦੇ ਦੋਹੀਂ ਪਾਸੀਂ ਸਜਾਵਟੀ ਬੂਟੇ ਲਗਵਾਉਣਾ,'ਪੰਜਾਬ ਕਲਾ ਪ੍ਰੀਸ਼ਦ' ਦੀ ਸਥਾਪਨਾ ਕਰਨਾ |
| ਉਪ-ਕੁਲਪਤੀ | ਪੰਜਾਬ ਖੇਤੀਬਾੜੀ ਯੂਨੀਵਰਸਿਟੀ,ਲੁਧਿਆਣਾ | 'ਘਣੀ- ਖੇਤੀ ਜ਼ਿਲ੍ਹਾ- ਪ੍ਰੋਗ੍ਰਾਮ','ਘਣੀ-ਖੇਤੀ ਇਲਾਕਾ-ਪ੍ਰੋਗ੍ਰਾਮ','ਵਿਸ਼ੇਸ਼-ਖੇਤੀ ਰੇਡੀਓ-ਪ੍ਰੋਗ੍ਰਾਮ','ਖੇਤੀ-ਸਾਹਿਤ ਦੀ ਸਿਰਜਨਾ, ਪ੍ਰਚਾਰ ਤੇ ਪਸਾਰ' ਆਦਿ ਸਕੀਮਾਂ ਦਾ ਸੰਚਾਲਨ ਕਰਨਾ |
| ਇਤਿਹਾਸਕਾਰ | ਪੰਜਾਬ | 'ਭਾਰਤੀ ਖੇਤੀ ਦਾ ਇਤਿਹਾਸ' |
| ਪ੍ਰਧਾਨ | ਚੰਡੀਗੜ੍ਹ | 'ਪੰਜਾਬ ਕਲਾ ਪ੍ਰੀਸ਼ਦ' |
| ਡਾਕਟਰੇਟ | ਪੰਜਾਬ ਯੂਨੀਵਰਸਿਟੀ,ਚੰਡੀਗੜ੍ਹ | ਬਨਸਪਤੀ ਵਿਗਿਆਨ |

**ਉਪਰੋਕਤ ਸਾਰਨੀ ਨੂੰ ਪੜ੍ਹੋ ਅਤੇ 11 ਤੋਂ 15 ਤੱਕ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ:**

**ਪ੍ਰਸ਼ਨ:11 ਸਾਹਿਤਕਾਰ ਦੇ ਤੌਰ ਤੇ ਡਾ.ਮਹਿੰਦਰ ਸਿੰਘ ਰੰਧਾਵਾ ਨੇ ਕਿਹੜਾ ਕੰਮ ਕੀਤਾ ?**

(ੳ) ਨਵੇਂ ਵਿਗਿਆਨਕ ਢੰਗਾਂ ਨਾਲ਼ ਖੇਤੀ
(ਅ) ਰਸਾਇਣਿਕ ਖਾਦਾਂ ਦੀ ਵਰਤੋਂ
(ੲ) ਮਸ਼ੀਨਾਂ ਦੀ ਮੁਰੰਮਤ
(ਸ) 'ਪੰਜਾਬ ਦੇ ਲੋਕ-ਗੀਤ'ਇਕੱਤਰ ਕਰਨਾ

**ਪ੍ਰਸ਼ਨ:12 ਡਾ.ਮਹਿੰਦਰ ਸਿੰਘ ਰੰਧਾਵਾ ਨੇ ਡਾਕਟਰੇਟ ਦੀ ਡਿਗਰੀ ਕਿੱਥੋਂ ਪ੍ਰਾਪਤ ਕੀਤੀ ?**

(ੳ) ਪੰਜਾਬ ਖੇਤੀਬਾੜੀ ਯੂਨੀਵਰਸਿਟੀ,ਲੁਧਿਆਣਾ
(ਅ) ਕਾਂਗੜਾ
(ੲ) ਪੰਜਾਬ ਯੂਨੀਵਰਸਿਟੀ,ਚੰਡੀਗੜ੍ਹ
(ਸ) ਬਨਸਪਤੀ ਵਿਗਿਆਨ

**ਪ੍ਰਸ਼ਨ:13 ਡਾ.ਮਹਿੰਦਰ ਸਿੰਘ ਰੰਧਾਵਾ ਨੇ ਕਿਸ ਵਿਸ਼ੇ ਤੇ ਡਾਕਟਰੇਟ ਦੀ ਡਿਗਰੀ ਪ੍ਰਾਪਤ ਕੀਤੀ?**

(ੳ) ਇਤਿਹਾਸਕਾਰ
(ਅ) ਸਾਹਿਤਕਾਰ
(ੲ) 'ਭਾਰਤੀ ਖੇਤੀ ਦਾ ਇਤਿਹਾਸ'
(ਸ) ਬਨਸਪਤੀ ਵਿਗਿਆਨ

**ਪ੍ਰਸ਼ਨ:14 ਡਾ.ਮਹਿੰਦਰ ਸਿੰਘ ਰੰਧਾਵਾ ਨੇ ਮੁੱਖ ਕਮਿਸ਼ਨਰ ਦੇ ਤੌਰ ਤੇ ਕਿਹੜੇ-ਕਿਹੜੇ ਕੰਮ ਕੀਤੇ?**

(ੳ) ਨਵੇਂ ਵਿਗਿਆਨਕ ਢੰਗ ਨਾਲ਼ ਖੇਤੀ
(ਅ) ਲੋਕ-ਗੀਤਾਂ ਦੀ ਇਕੱਤਰਤਾ
(ੲ) ਚੰਡੀਗੜ੍ਹ ਦੇ ਰੋਜ਼ ਗਾਰਡਨ ਵਿੱਚ ਗੁਲਾਬ ਦੇ ਫੁੱਲ ਲਗਵਾਉਣਾ
(ਸ) 'ਘਣੀ-ਖੇਤੀ ਇਲਾਕਾ-ਪ੍ਰੋਗ੍ਰਾਮ' ਦਾ ਸੰਚਾਲਨ ਕਰਨਾ

**ਪ੍ਰਸ਼ਨ:15 'ਪੰਜਾਬ ਕਲਾ ਪ੍ਰੀਸ਼ਦ', ਕਿੱਥੇ ਹੈ?**

(ੳ) ਲੁਧਿਆਣਾ
(ਅ) ਹਰਿਆਣਾ
(ੲ) ਕੁੱਲੂ
(ਸ) ਚੰਡੀਗੜ੍ਹ